A-level

# PANJABI

Paper 3 Listening Test Transcript

Friday 14 June 2024 Afternoon Time allowed: 2 hours 30 minutes

**NOT TO BE OPENED UNTIL AFTER THE EXAMINATION**

Enclosed is a copy of the transcript of the text of the Listening Test. This packet must not be opened until after the examination.

After the examination, the transcript should be kept for future use by teachers.

## Section A

## Listening

*(2 minutes and 13 seconds: tracks 02 – 13)*

**Question 01**

### ਤਿਉਹਾਰਾਂ ਦੇ ਸਮਾਜਿਕ ਅਤੇ ਆਰਥਿਕ ਪ੍ਰਭਾਵ

ਤਿਉਹਾਰਾਂ ਦੇ ਸਮਾਜਿਕ ਅਤੇ ਆਰਥਿਕ ਪ੍ਰਭਾਵ ਬਾਰੇ ਰਿਪੋਰਟ ਦਾ ਇੱਕ ਹਿੱਸਾ ਸੁਣੋ।

ਪੰਜਾਬ ਵਿੱਚ ਬਹੁਤ ਤਿਉਹਾਰ ਜਿਵੇਂ ਲੋਹੜੀ, ਵਿਸਾਖੀ, ਦੀਵਾਲੀ, ਤੀਆਂ, ਰੱਖੜੀ ਅਤੇ ਗੁਰਪੁਰਬ ਧੂਮ-ਧਾਮ ਨਾਲ ਮਨਾਏ ਜਾਂਦੇ ਹਨ। ਭਾਰਤ ਵੱਖ-ਵੱਖ ਸਭਿਆਚਾਰਾਂ ਅਤੇ ਧਰਮਾਂ ਦਾ ਦੇਸ਼ ਹੈ। ਰਾਜ ਸਭਾ ਦੀ ਇੱਕ ਰਿਪੋਰਟ ਮੁਤਾਬਕ ਭਾਰਤ ਵਿੱਚ ਹਰ ਸਾਲ ਇਕਵੰਜਾ ਤਿਉਹਾਰ ਮਨਾਏ ਜਾਂਦੇ ਹਨ, ਜਿਨ੍ਹਾਂ ਵਿੱਚੋਂ ਸਤਾਰਾਂ ਰਾਸ਼ਟਰੀ ਮਾਨਤਾ ਪ੍ਰਾਪਤ ਤਿਉਹਾਰ ਹਨ। ਤਿਉਹਾਰ ਮਨਾਉਣ ਨਾਲ ਭਾਈਚਾਰਕ ਸਾਂਝ ਵਧਦੀ ਹੈ ; ਵੱਖ-ਵੱਖ ਧਰਮਾਂ ਅਤੇ ਲੋਕਾਂ ਬਾਰੇ ਪਤਾ ਲਗਦਾ ਹੈ। ਤਿਉਹਾਰ ਸਭਿਆਚਾਰ ਅਤੇ ਵਿਰਸੇ ਨੂੰ ਸੰਭਾਲਣ ਵਿੱਚ ਮਦਦ ਕਰਦੇ ਹਨ। ਇਹ ਲੋਕਾਂ ਨੂੰ ਪਰਿਵਾਰ, ਦੋਸਤਾਂ ਅਤੇ ਭਾਈਚਾਰੇ ਨਾਲ ਇਕੱਠੇ ਹੋਣ ਅਤੇ ਸਮਾਂ ਬਿਤਾਉਣ ਦਾ ਇੱਕ ਵਿਲੱਖਣ ਮੌਕਾ ਵੀ ਦਿੰਦੇ ਹਨ।

ਪੰਜਾਬ ਦੇ ਤਿਉਹਾਰ ਬਹੁਤ ਸਾਰੇ ਸੈਲਾਨੀਆਂ ਨੂੰ ਖਿੱਚਦੇ ਹਨ, ਜਿਹੜੇ ਉਸ ਸ਼ਹਿਰ ਜਾਂ ਖੇਤਰ ਦੇ ਸੈਰ-ਸਪਾਟੇ ਅਤੇ ਹੋਰ ਕਾਰੋਬਾਰਾਂ ਦੇ ਵਿਕਾਸ ਨੂੰ ਉਤਸ਼ਾਹਿਤ ਕਰਦੇ ਹਨ। ਇਨ੍ਹਾਂ ਮੌਕਿਆਂ ਤੇ ਪਰਚੂਨ ਵਿਕਰੇਤਾ ਅਤੇ ਹੋਰ ਵਿਕਰੇਤਾ ਵੱਧ ਤੋਂ ਵੱਧ ਗਾਹਕਾਂ ਨੂੰ ਆਪਣੇ ਵੱਲ ਖਿੱਚਣ ਲਈ ਵੱਖ-ਵੱਖ ਤਰ੍ਹਾਂ ਦੀਆਂ ਛੋਟਾਂ ਅਤੇ ਮੁਫ਼ਤ ਪੇਸ਼ਕਸ਼ਾਂ ਲਾਉਂਦੇ ਹਨ।

ਤਿਉਹਾਰ ਸਮਾਜ ਵਿੱਚ ਇੱਕਜੁੱਟਤਾ ਦੀ ਭਾਵਨਾ ਪੈਦਾ ਕਰਦੇ ਹਨ ਅਤੇ ਵਪਾਰ ਵਿੱਚ ਵਾਧੇ ਲਈ ਉਤੇਜਨਾ ਦਾ ਕੰਮ ਕਰਦੇ ਹਨ। ਸੰਨ 2016 ਵਿੱਚ ਫਲਿਪਕਾਰਟ ਨੇ ਦਾਅਵਾ ਕੀਤਾ ਸੀ ਕਿ ਤਿਉਹਾਰਾਂ ਦੀ ਰੁੱਤ ਕਰਕੇ ਉਨ੍ਹਾਂ ਦੀ ਵਿਕਰੀ ਦੁੱਗਣੀ ਹੋ ਗਈ ਸੀ। ਐਮਾਜ਼ੋਨ ਨੇ ਕਿਹਾ ਸੀ ਉਸ ਸਮੇਂ ਦੌਰਾਨ ਸਮਾਰਟ ਫੋਨਾਂ ਦੀ ਵਿਕਰੀ ਵਿੱਚ ਡੇਢ ਸੌ ਪ੍ਰਤੀਸ਼ਤ ਅਤੇ ਵੱਡੇ ਉਪਕਰਨਾਂ ਦੀ ਵਿਕਰੀ ਦਰ ਵਿੱਚ 3.7 ਪ੍ਰਤੀਸ਼ਤ ਦਾ ਵਾਧਾ ਹੋਇਆ ਸੀ।

*(2 minutes and 04 seconds: tracks 14 –25)*

**Question 02**

**ਗਿੱਪੀ ਗਰੇਵਾਲ**

ਰੇਡੀਓ ਪ੍ਰੋਗਰਾਮ ਤੇ ਗਿੱਪੀ ਗਰੇਵਾਲ ਬਾਰੇ ਗੱਲਬਾਤ ਸੁਣੋ।

**F** ਸਾਨੂੰ ਗਿੱਪੀ ਗਰੇਵਾਲ ਦੇ ਪਰਿਵਾਰ, ਪੜ੍ਹਾਈ ਅਤੇ ਉਸ ਦੇ ਸ਼ੁਰੂ ਦੇ ਕੰਮ ਬਾਰੇ ਕੁਝ ਦੱਸੋ।

**M** ਗਿੱਪੀ ਦੇ ਵੱਡੇ-ਵਡੇਰਿਆਂ ਦੀਆਂ ਜੜ੍ਹਾਂ ਪਾਕਿਸਤਾਨ ਵਿੱਚ ਮਿਲਦੀਆਂ ਹਨ। ਜਨਵਰੀ 2020 ਵਿੱਚ, ਉਹ ਲਾਹੌਰ ਦੇ ਇੱਕ ਪਿੰਡ ਨੂੰ ਦੇਖਣ ਗਿਆ ਸੀ ਜਿੱਥੇ ਉਸ ਦਾ ਪਿਓ ਅਤੇ ਦਾਦਾ ਜੀ ਰਹਿੰਦੇ ਸਨ। ਗਿੱਪੀ ਗਰੇਵਾਲ ਨੇ ਹੋਟਲ ਪ੍ਰਬੰਧ ਵਿੱਚ ਡਿਗਰੀ ਉੱਤਰੀ ਭਾਰਤ ਦੀ ਸੰਸਥਾ, ਪੰਚਕੂਲਾ ਤੋਂ ਕੀਤੀ ਸੀ ਅਤੇ ਉਹ ਦਿੱਲੀ ਦੇ ਵੱਖ-ਵੱਖ ਹੋਟਲਾਂ ਵਿੱਚ ਵੀ ਕੰਮ ਕਰਦਾ ਰਿਹਾ ਹੈ।

**F** ਗਿੱਪੀ ਗਰੇਵਾਲ ਦੇ ਫਿਲਮੀ ਸਫਰ, ਉਪਲਬਧੀਆਂ, ਗਾਇਕੀ ਅਤੇ ਅਦਾਕਾਰੀ ਦੀ ਸਿਖਲਾਈ ਲੈਣ ਬਾਰੇ ਸਾਨੂੰ ਕੁਝ ਦੱਸੋ।

**M** ਗਿੱਪੀ ਗਰੇਵਾਲ ਦੀ ਦੂਜੀ ਪੰਜਾਬੀ ਫਿਲਮ 'ਜਿਹਨੇ ਮੇਰਾ ਦਿਲ ਲੁੱਟਿਆ' ਸੀ, ਜਿਸ ਵਿੱਚ ਉਸ ਨੇ ਮੁੱਖ-ਭੂਮਿਕਾ ਨਿਭਾਈ ਅਤੇ ਇਹ ਫਿਲਮ ਪੰਜਾਬੀ ਸਿਨਮੇ ਵਿੱਚ ਸਭ ਤੋਂ ਵੱਡੀ ਹਿੱਟ ਸਾਬਤ ਹੋਈ। ਇਸ ਫਿਲਮ ਵਾਸਤੇ ਉਸ ਨੂੰ 2011 ਵਿੱਚ ਪੀਟੀਸੀ ਵੱਲੋਂ 'ਸਰਬੋਤਮ ਅਦਾਕਾਰ ਦਾ ਇਨਾਮ' ਮਿਲਿਆ। ਸੰਨ 2012 ਅਤੇ 2015 ਵਿੱਚ ਗਿੱਪੀ ਗਰੇਵਾਲ ਅਤੇ ਦਿਲਜੀਤ ਦੁਸਾਂਝ ਨੂੰ 'ਪੰਜਾਬੀ ਅੰਤਰ-ਰਾਸ਼ਟਰੀ ਫ਼ਿਲਮ ਅਕੈਡਮੀ' ਜਾਂ 'ਪੀਫਾ' ਵੱਲੋਂ ਸਾਂਝਾ 'ਸਰਬੋਤਮ ਅਦਾਕਾਰ ਦਾ ਇਨਾਮ' ਦਿੱਤਾ ਗਿਆ। ਇਹ ਇਨਾਮ ਪੰਜਾਬੀ ਫਿਲਮਾਂ ਵਿੱਚ ਕਲਾਤਮਿਕ ਅਤੇ ਵਧੀਆ ਤਕਨੀਕ ਦਿਖਾਉਣ ਵਾਲੇ ਪੇਸ਼ਾਵਰ ਲੋਕਾਂ ਨੂੰ ਹੀ ਪ੍ਰਦਾਨ ਕੀਤੇ ਜਾਂਦੇ ਹਨ। ਹੈਰਾਨੀ ਦੀ ਗੱਲ ਹੈ ਕਿ ਉਸ ਨੇ ਗਾਇਕੀ ਅਤੇ ਅਦਾਕਾਰੀ ਕਰਨ ਦੀ ਕਿਸੇ ਕੋਲੋਂ ਕੋਈ ਰਸਮੀ ਸਿੱਖਿਆ ਪ੍ਰਾਪਤ ਨਹੀਂ ਕੀਤੀ ; ਅਦਾਕਾਰੀ ਅਤੇ ਗਾਇਕੀ ਦੇ ਖੇਤਰ ਵਿੱਚ ਆਉਣ ਤੋਂ ਪਹਿਲਾਂ ਉਹ ਵਿਆਹਾਂ ਵਿੱਚ ਗੀਤ ਗਾਇਆ ਕਰਦਾ ਸੀ। ਇਸ ਵੇਲੇ ਉਸ ਦੀ ਸਾਲਾਨਾ ਆਮਦਨ ਤਕਰੀਬਨ ਇੱਕ ਕਰੋੜ ਰੁਪਏ ਹੈ।

**Turn over for the next question**

*(2 minutes and 58 seconds: tracks 26 – 37)*

**Question 03**

**ਭਾਰਤ ਦੀ 2020 ਦੀ ਨਵੀਂ ਸਿੱਖਿਆ ਨੀਤੀ**

ਤੁਸੀਂ ਭਾਰਤ ਦੀ 2020 ਦੀ ਨਵੀਂ ਸਿੱਖਿਆ ਨੀਤੀ ਬਾਰੇ ਗੱਲਬਾਤ ਸੁਣਦੇ ਹੋ।

**M** ਭਾਰਤ ਵਿੱਚ ਆਜ਼ਾਦੀ ਤੋਂ ਬਾਅਦ ਸਿੱਖਿਆ ਨੀਤੀ ਵਿੱਚ ਹੋਈਆਂ ਤਬਦੀਲੀਆਂ ਬਾਰੇ ਸਾਨੂੰ ਕੁਝ ਦੱਸੋ।

**F** ਆਜ਼ਾਦੀ ਤੋਂ ਬਾਅਦ ਦੋ ਵਾਰੀ ਨਵੀਂਆਂ ਸਿੱਖਿਆ ਨੀਤੀਆਂ ਪੇਸ਼ ਕੀਤੀਆਂ ਗਈਆਂ ; ਪਹਿਲੀ ਵਾਰੀ 1968 ਵਿੱਚ ਅਤੇ ਦੂਜੀ ਵਾਰੀ 1986 ਵਿੱਚ। ਸੰਨ 1986 ਵਾਲੀ ਸਿੱਖਿਆ ਨੀਤੀ ਵਿੱਚ 1992 ਵਿੱਚ ਕੁਝ ਤਬਦੀਲੀਆਂ ਕੀਤੀਆਂ ਗਈਆਂ ਪਰ ਉਹ ਤਬਦੀਲੀਆਂ ਬਹੁਤ ਹੀ ਥੋੜ੍ਹੀਆਂ ਸਨ, ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਅਸਲ ਵਿੱਚ 1986 ਵਿੱਚ ਬਣੀ ਸਿੱਖਿਆ ਨੀਤੀ ਅਜੇ ਵੀ ਲਾਗੂ ਸੀ।

**M** ਭਾਰਤ ਵਿੱਚ ਸਿੱਖਿਆ ਨੀਤੀ ਕਿਹੜੇ ਮੰਤਰਾਲੇ ਦੇ ਅਧੀਨ ਆਉਂਦੀ ਹੈ ਅਤੇ ਇਸ ਨੂੰ ਬਦਲਣ ਦੀ ਜ਼ਰੂਰਤ ਕਿਉਂ ਪਈ?

**F** ਬੜੇ ਲੰਬੇ ਸਮੇਂ ਤੋਂ ਸਿੱਖਿਆ ਨੀਤੀ ਨਾਲ ਸੰਬੰਧਿਤ ਕੰਮਕਾਜ ਦੀ ਦੇਖ-ਭਾਲ ਮਨੁੱਖੀ ਵਿਕਾਸ ਮੰਤਰਾਲਾ ਕਰ ਰਿਹਾ ਸੀ ਪਰ ਹੁਣ ਇਸ ਮੰਤਰਾਲੇ ਦਾ ਨਾਂ ਸਿੱਖਿਆ ਵਿਭਾਗ ਕਰ ਦਿੱਤਾ ਗਿਆ ਹੈ। ਮਾਪਿਆਂ ਨੂੰ ਹਮੇਸ਼ਾਂ ਇਹ ਡਰ ਰਹਿੰਦਾ ਸੀ ਕਿ ਪੜ੍ਹਾਈ ਤੇ ਇੰਨੇਂ ਪੈਸੇ ਖ਼ਰਚਣ ਤੋਂ ਬਾਅਦ ਉਨ੍ਹਾਂ ਦੇ ਧੀਆਂ ਜਾ ਪੁੱਤਰਾਂ ਨੂੰ ਮਿਲਣ ਵਾਲੀ ਡਿਗਰੀ ਸਿਰਫ ਇੱਕ ਕਾਗਜ਼ ਦਾ ਟੁਕੜਾ ਹੀ ਹੋਵੇਗੀ ਜਾਂ ਉਨ੍ਹਾਂ ਦੇ ਲਈ ਰੁਜ਼ਗਾਰ ਦਾ ਇੱਕ ਵਧੀਆ ਵਸੀਲਾ ਵੀ ਬਣੇਗੀ। ਦੂਜੇ ਪਾਸੇ, ਲੋਕਾਂ ਨੂੰ ਰੁਜ਼ਗਾਰ ਤੇ ਲਗਾਉਣ ਵਾਲੇ ਵਿਭਾਗ ਦੀ ਸ਼ਿਕਾਇਤ ਸੀ ਕਿ ਜਿਸ ਪੱਧਰ ਦੇ ਗ੍ਰੈਜੂਏਟ ਚਾਹੀਦੇ ਹਨ ਉਹ ਨਹੀਂ ਮਿਲਦੇ। ਉਸ ਦੀ ਜਗ੍ਹਾ 80-90 ਪ੍ਰਤੀਸ਼ਤ ਅੰਕ ਲੈ ਕੇ ਪਾਸ ਹੋਏ ਵਿਦਿਆਰਥੀ ਤਾਂ ਮਿਲਦੇ ਹਨ ਪਰ ਉਨ੍ਹਾਂ ਦਾ ਮੁਢਲਾ ਗਿਆਨ, ਵਿਹਾਰਕ ਗਿਆਨ ਤੇ ਗੱਲਬਾਤ ਕਰਨ ਦਾ ਢੰਗ ਬਿਲਕੁਲ ਹੇਠਲੇ ਪੱਧਰ ਦਾ ਹੁੰਦਾ ਹੈ।

**M** ਕੀ ਨਵੀਂ ਸਿੱਖਿਆ ਨੀਤੀ ਅਧੀਨ ਵਿਦਿਆਰਥੀਆਂ ਦੇ ਸਿੱਖਿਆ ਦੇ ਅਧਿਕਾਰ ਅਤੇ ਪ੍ਰੀਖਿਆ ਲੈਣ ਦੇ ਢੰਗ ਵਿੱਚ ਵੀ ਕੋਈ ਬਦਲਾਅ ਆਏ ਹਨ ?

**F** ਜੀ ਹਾਂ, ਹੁਣ ਵਿਦਿਆਰਥੀਆਂ ਲਈ ਸਿੱਖਿਆ ਦਾ ਅਧਿਕਾਰ ਖੇਤਰ ਪ੍ਰੀ-ਸਕੂਲ ਤੋਂ ਲੈ ਕੇ ਸੈਕੰਡਰੀ ਸਕੂਲ ਤੱਕ ਕਰ ਦਿੱਤਾ ਗਿਆ ਹੈ ਜੋ ਪਹਿਲਾਂ, ਅੱਠਵੀਂ ਜਮਾਤ ਤੱਕ ਹੀ ਹੁੰਦਾ ਸੀ। ਸਾਡੀ ਪੁਰਾਣੀ ਸਿੱਖਿਆ ਨੀਤੀ ਮੁੱਖ ਤੌਰ ਤੇ ਪ੍ਰੀਖਿਆ ਵਿੱਚ ਵਿਦਿਆਰਥੀਆਂ ਦੇ ਅੰਕਾਂ ਨੂੰ ਚੈੱਕ ਕਰਦੀ ਸੀ ਪਰ ਨਵੀਂ ਸਿੱਖਿਆ ਨੀਤੀ ਵਿਦਿਆਰਥੀਆਂ ਦਾ ਵਧੇਰੇ ਯੋਜਨਾਬੱਧ ਅਤੇ ਸੰਗਠਿਤ ਮੁਲਾਂਕਣ ਕਰੇਗੀ ਜੋ ਕਿ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਨੂੰ ਧਿਆਨ ਵਿੱਚ ਰੱਖੇਗੀ।

*(2 minutes and 34 seconds: tracks 38 – 50)*

**Question 04**

**ਸੋਸ਼ਲ ਮੀਡੀਆ**

ਰੇਡੀਓ ਪ੍ਰੋਗਰਾਮ ਵਿੱਚ ਰਿਪੋਰਟ ਦੀ ਸ਼ੁਰੂਆਤ ਸੁਣੋ ਅਤੇ ਸੰਖੇਪ ਵਿੱਚ ਲਿਖੋ।

ਆਧੁਨਿਕ ਯੁੱਗ ਵਿੱਚ ਸੋਸ਼ਲ ਮੀਡੀਆ ਲੋਕਾਂ ਨੂੰ ਜੋੜਨ ਦਾ ਇੱਕ ਮਹੱਤਵਪੂਰਨ ਸਾਧਨ ਬਣ ਗਿਆ ਹੈ। ਹਰੇਕ ਵਿਅਕਤੀ ਸੋਸ਼ਲ ਮੀਡੀਆ ਤੋਂ ਬਿਨਾਂ ਆਪਣੇ ਆਪ ਨੂੰ ਅਧੂਰਾ ਸਮਝਦਾ ਹੈ। ਇਹ ਉਨ੍ਹਾਂ ਲੋਕਾਂ ਦੀ ਆਵਾਜ਼ ਬਣ ਗਿਆ ਹੈ ; ਜਿਹੜੇ ਸਮਾਜ ਦੀ ਮੁੱਖ-ਧਾਰਾ ਤੋਂ ਅਲੱਗ ਹਨ ਅਤੇ ਉਨ੍ਹਾਂ ਦੀ ਆਵਾਜ਼ ਨੂੰ ਦਬਾਇਆ ਜਾਂਦਾ ਰਿਹਾ ਹੈ। ਸੋਸ਼ਲ ਮੀਡੀਆ ਸੂਚਨਾਵਾਂ ਦਾ ਕੇਂਦਰ ਬਣ ਗਿਆ ਜਾਪਦਾ ਹੈ ਕਿਉਂਕਿ ਵਧੇਰੇ ਲੋਕ ਰੋਜ਼ਾਨਾ ਦੀਆਂ ਖ਼ਬਰਾਂ ਜਾਂ ਸੂਚਨਾਵਾਂ ਸਵੇਰੇ ਉੱਠਦਿਆਂ ਹੀ ਸੋਸ਼ਲ ਮੀਡੀਆ ਰਾਹੀਂ ਪ੍ਰਾਪਤ ਕਰਦੇ ਹਨ।

ਭਾਵੇਂ ਸੋਸ਼ਲ ਮੀਡੀਆ ਦੇ ਬਹੁਤ ਲਾਭ ਹਨ, ਪਰ ਫਿਰ ਵੀ ਇਸ ਨੂੰ ਵਿਵਾਦਾਂ ਦੇ ਜਨਮਦਾਤਾ ਦੇ ਤੌਰ ਤੇ ਵੀ ਜਾਣਿਆ ਜਾਂਦਾ ਹੈ ਕਿਉਂਕਿ ਇਹ ਕਈ ਵਾਰੀ ਉਸਾਰੂ ਸੋਚ ਦੀ ਬਜਾਏ ਸਮਾਜਿਕ ਭਾਈਚਾਰੇ ਨੂੰ ਵਿਗਾੜਨ ਅਤੇ ਸਮਾਜ ਨੂੰ ਵੰਡਣ ਦੀ ਸੋਚ ਨੂੰ ਉਤਸ਼ਾਹਿਤ ਕਰਦਾ ਹੈ। ਇਸ ਉਦੇਸ਼ ਲਈ ਕਈ ਲੋਕ ਸੋਸ਼ਲ ਮੀਡੀਆ ਤੇ ਝੂਠੀਆਂ ਖ਼ਬਰਾਂ ਅਤੇ ਨਫ਼ਰਤ ਭਰੇ ਭਾਸ਼ਣ ਭੇਜਦੇ ਹਨ। ਇਸ ਦਾ ਮੁੱਖ ਕਾਰਨ ਹੈ ਕਿ ਸੋਸ਼ਲ ਮੀਡੀਆ ਦੀ ਵਰਤੋਂ ਲਈ ਕੋਈ ਨਿਯਮ ਨਹੀਂ ਹਨ, ਕੋਈ ਵੀ ਵਿਅਕਤੀ ਕਿਸੇ ਵੀ ਨਾਮ ਅਤੇ ਪਛਾਣ ਤੇ ਖਾਤਾ ਬਣਾ ਕੇ ਜੋ ਵੀ ਚਾਹੇ ਸਾਂਝਾ ਕਰ ਸਕਦਾ ਹੈ। ਇੰਝ ਭਰਮਾਂ ਅਤੇ ਅਪਰਾਧਾਂ ਦਾ ਜਨਮ ਹੁੰਦਾ ਹੈ।

ਜਿੱਥੋਂ ਤੱਕ ਹੋ ਸਕੇ ਸੋਸ਼ਲ ਮੀਡੀਆ ਪਲੇਟਫ਼ਾਰਮਾਂ ਤੇ ਜ਼ਿਆਦਾ ਸਮਾਂ ਨਹੀਂ ਬਿਤਾਉਣਾ ਚਾਹੀਦਾ। ਮੋਬਾਇਲ ਫੋਨ ਤੇ ਸੂਚਨਾਵਾਂ ਬੰਦ ਕਰਨੀਆਂ ਚਾਹੀਦੀਆਂ ਹਨ ਅਤੇ ਸੋਸ਼ਲ ਮੀਡੀਆ ਦੀ ਵਰਤੋਂ ਇੱਕ ਨਿਸ਼ਚਿਤ ਸਮੇਂ ਤੇ ਹੀ ਕਰਨੀ ਚਾਹੀਦੀ ਹੈ। ਸੌਣ ਤੋਂ ਪਹਿਲਾਂ ਮੋਬਾਇਲ ਫੋਨ ਦੀ ਵਰਤੋਂ ਬਿਲਕੁਲ ਨਹੀਂ ਕਰਨੀ ਚਾਹੀਦੀ ਨਹੀਂ ਤਾਂ ਤੁਹਾਡੀ ਨੀਂਦ ਪ੍ਰਭਾਵਿਤ ਹੋ ਸਕਦੀ ਹੈ ਅਤੇ ਸਵੇਰੇ ਉਠਦੇ-ਸਾਰ ਹੀ ਇਸ ਦੀ ਵਰਤੋਂ ਨਾ ਕਰੋ। ਜੇ ਹੋ ਸਕੇ ਤਾਂ ਸੋਸ਼ਲ ਮੀਡੀਆ ਦੀ ਵਰਤੋਂ ਫੋਨ ਦੀ ਬਜਾਏ ਕੰਪਿਊਟਰ ਤੇ ਕਰੋ ਇੰਝ ਸੋਸ਼ਲ ਮੀਡੀਆ ਤੇ ਖਰਚ ਹੋਣ ਵਾਲੇ ਸਮੇਂ ਨੂੰ ਘੱਟ ਕੀਤਾ ਜਾ ਸਕਦਾ ਹੈ।

**END OF SECTION A**

**Turn over for Section C**

## Section C

### Multi-skill task

*(2 minutes and 56 seconds: tracks 51– 65)*

**Question 06**

**ਪੰਜਾਬ ਤੇ ਪਰਵਾਸ ਦੇ ਪ੍ਰਭਾਵ**

ਤੁਸੀਂ ਪੰਜਾਬ ਤੇ ਪਰਵਾਸ ਦੇ ਪ੍ਰਭਾਵ ਬਾਰੇ ਰੇਡੀਓ ਤੇ ਗੱਲਬਾਤ ਦਾ ਹਿੱਸਾ ਸੁਣਦੇ ਹੋ।

**M** ਅੱਜ-ਕੱਲ੍ਹ ਜ਼ਿਆਦਾਤਰ ਪਿੰਡਾਂ ਵਿੱਚ ਨੌਜਵਾਨਾਂ ਨਾਲੋਂ ਬਜ਼ੁਰਗਾਂ ਦੀ ਗਿਣਤੀ ਵੱਧ ਹੈ। ਜੇਕਰ ਨੌਜਵਾਨਾਂ ਦਾ ਪਰਵਾਸ ਇਸੇ ਤਰ੍ਹਾਂ ਹੀ ਜਾਰੀ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਬਜ਼ੁਰਗਾਂ ਦੀ ਧਰਤੀ ਬਣ ਕੇ ਰਹਿ ਜਾਵੇਗਾ। ਪਰਵਾਸ ਵਿੱਚ ਆਈ ਇਸ ਭਾਰੀ ਤਬਦੀਲੀ ਦਾ ਕੀ ਕਾਰਨ ਹੈ?

**F** ਪਹਿਲਾਂ ਨੌਜਵਾਨ ਕੇਵਲ ਗ੍ਰੈਜੂਏਸ਼ਨ ਤੋਂ ਬਾਅਦ ਉਚੇਰੀ ਸਿੱਖਿਆ ਲਈ ਵਿਦੇਸ਼ ਜਾਂਦੇ ਸਨ, ਪਰ ਅੱਜ ਬੱਚੇ ਬਾਰ੍ਹਵੀਂ ਜਮਾਤ ਤੋਂ ਬਾਅਦ ਹੀ ਵੱਡੇ ਪੱਧਰ ਤੇ ਵਿਦੇਸ਼ ਜਾ ਰਹੇ ਹਨ ਅਤੇ ਉਨ੍ਹਾਂ ਦਾ ਵਾਪਸ ਆਉਣ ਦਾ ਵੀ ਕੋਈ ਇਰਾਦਾ ਨਹੀਂ ਹੈ।

**M** ਸੰਨ 2018 ਦੀ ਇੱਕ ਰਿਪੋਰਟ ਦੇ ਅਨੁਸਾਰ, ਪੰਜਾਬ ਨੂੰ ਵਿਦੇਸ਼ੀ ਯੂਨੀਵਰਸਿਟੀਆਂ ਵਿੱਚ ਦਾਖਲਿਆਂ ਨਾਲ 27000 ਕਰੋੜ ਰੁਪਏ ਦਾ ਨੁਕਸਾਨ ਹੋਇਆ। ਕਨੇਡਾ ਦੀ ਸਰਕਾਰ ਨੇ 200 ਕਾਲਜਾਂ ਨੂੰ ਸੂਚੀਬੱਧ ਕੀਤਾ ਸੀ, ਜਿੱਥੇ ਇਹ ਵਿਦਿਆਰਥੀ ਦਾਖਲਾ ਲੈ ਸਕਦੇ ਸਨ। ਇਸੇ ਸਾਲ ਇੱਕ ਲੱਖ 25 ਹਜ਼ਾਰ ਵਿਦਿਆਰਥੀ ਪੜ੍ਹਨ ਲਈ ਕਨੇਡਾ ਗਏ। ਯੂਕੇ ਦੀ 2020 ਵਿੱਚ ਆਈ ਇਮੀਗਰੇਸ਼ਨ ਨੀਤੀ ਦਾ ਪੰਜਾਬ ਤੇ ਕੀ ਪ੍ਰਭਾਵ ਪਵੇਗਾ?

**F** ਯੂਕੇ ਨੇ ਵੀ ਕਨੇਡਾ ਵਾਂਗ ਸੰਨ 2020 ਦੀ ਹੁਨਰਮੰਦ ਕਾਮਿਆਂ ਲਈ ਇਮੀਗਰੇਸ਼ਨ ਦੀ ਨੀਤੀ ਅਧੀਨ ਮੈਨੇਜਰਾਂ, ਡਾਕਟਰਾਂ, ਇੰਜੀਨੀਅਰਾਂ, ਸੌਫ਼ਟਵੇਅਰ ਪ੍ਰੋਗਰਾਮਰਾਂ ਅਤੇ ਵਿਗਿਆਨਕ ਖੋਜਕਾਰਾਂ ਨੂੰ ਯੂਕੇ ਬੁਲਾਉਣਾ ਸ਼ੁਰੂ ਕਰ ਦਿੱਤਾ ਹੈ। ਪ੍ਰਤਿਭਾਸ਼ਾਲੀ ਅਤੇ ਪੜ੍ਹੇ ਲਿਖੇ ਲੋਕਾਂ ਦੇ ਵਿਦੇਸ਼ ਜਾਣ ਨਾਲ ਪੰਜਾਬ ਦੇ ਆਰਥਿਕ ਵਿਕਾਸ ਤੇ ਬਹੁਤ ਬੁਰਾ ਪ੍ਰਭਾਵ ਪਵੇਗਾ। ਸਾਡੇ ਨੌਜਵਾਨ ਵਿਆਹ ਕਰਵਾ ਕੇ ਵੀ ਵਿਦੇਸ਼ਾਂ ਵਿੱਚ ਰਹਿਣਗੇ ਜਿਸ ਨਾਲ ਪੰਜਾਬ ਦੀ ਜਨਮ ਦਰ ਵਿੱਚ ਵੀ ਕਮੀ ਆਵੇਗੀ। ਨਤੀਜੇ ਵਜੋਂ, ਪੰਜਾਬ ਵਿੱਚ ਪੰਜਾਬੀਆਂ ਦੀ ਜਨ-ਸੰਖਿਆ ਘਟ ਜਾਵੇਗੀ ਅਤੇ ਉਨ੍ਹਾਂ ਦੀ ਜਗ੍ਹਾ ਬਿਹਾਰੀ ਮਜ਼ਦੂਰ ਲੈ ਲੈਣਗੇ।

**M** ਬਾਹਰਲੇ ਰਾਜਾਂ ਤੋਂ ਆਏ ਕਾਮੇ ਪੰਜਾਬ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ, ਸਾਨੂੰ ਇਸ ਬਾਰੇ ਕੁਝ ਦੱਸੋ?

**F** ਬਾਹਰੋਂ ਆਏ ਕਾਮੇ ਘੱਟ ਤਨਖਾਹ ਤੇ ਵੀ ਕੰਮ ਕਰਨ ਲਈ ਤਿਆਰ ਹੋ ਜਾਂਦੇ ਹਨ ਜਿਸ ਕਰਕੇ ਸਥਾਈ ਪੰਜਾਬੀ ਕਾਮਿਆਂ ਨੂੰ ਜਾਂ ਤਾਂ ਘੱਟ ਪੈਸਿਆਂ ਤੇ ਕੰਮ ਕਰਨਾ ਪੈਂਦਾ ਹੈ ਜਾਂ ਨੌਕਰੀ ਲਈ ਵਿਦੇਸ਼ ਜਾਣ ਬਾਰੇ ਸੋਚਣਾ ਪੈਂਦਾ ਹੈ। ਬਾਹਰੋਂ ਆਏ ਲੋਕਾਂ ਕਰਕੇ ਘਰਾਂ ਦੀ ਮੰਗ ਵਧਣ ਨਾਲ ਘਰਾਂ ਦੀਆਂ ਕੀਮਤਾਂ ਵਿੱਚ ਵੀ ਵਾਧਾ ਹੋ ਜਾਂਦਾ ਹੈ।

**END OF RECORDING**

**There are no questions printed on this page**

**There are no questions printed on this page**

**Copyright information**

For confidentiality purposes, all acknowledgements of third-party copyright material are published in a separate booklet. This booklet is published after each live examination series and is available for free download from www.aqa.org.uk

Permission to reproduce all copyright material has been applied for. In some cases, efforts to contact copyright-holders may have been unsuccessful and AQA will be happy to rectify any omissions of acknowledgements. If you have any queries please contact the Copyright Team.

Copyright © 2024 AQA and its licensors. All rights reserved.